Punjab Government Gazette

Published by Authority

No. 30] CHANDIGARH, FRIDAY, JULY 24, 2026 (SRAVANA 2, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-3 ਸ਼ਾਖਾ)

ਅਧਿਸੂਚਨਾ

ਮਿਤੀ 12 ਜੂਨ, 2026

ਨੰ.HOME-HM-30ESBM/92/2024-2H3 (E644768)/I/1420383/2026.-ਡੀ.ਜੀ.ਪੀ. ਦਫ਼ਤਰ ਵੱਲੋਂ ਮਹੀਨਾ ਮਾਰਚ, 2026 ਨੂੰ ਰਿਟਾਇਰ ਹੋਣ ਵਾਲੇ ਅਧਿਕਾਰੀਆਂ ਦੀ ਸਿੰਗਲ ਮਿਸਲ ਰਾਹੀਂ ਪ੍ਰਾਪਤ ਹੋਈ ਤਜਵੀਜ਼ ਅਤੇ ਯਾਦ ਪੱਤਰ ਨੰ. 4825/ਖੁਫ਼ੀਆ ਗਸ-6(3) ਮਿਤੀ 02.06.2026 ਦੇ ਸਨਮੁੱਖ ਸ਼੍ਰੀ ਗੁਰਦੇਵ ਸਿੰਘ, ਪੀ.ਪੀ.ਐਸ., ਨੰ. 448/ਪੀ.ਆਰ., ਪੁੱਤਰ ਸ਼੍ਰੀ ਭਗਵਾਨ ਸਿੰਘ, ਜਨਮ ਮਿਤੀ 05.03.1968, ਉਸ ਸਮੇਂ ਤਾਇਨਾਤੀ - ਉਪ ਕਪਤਾਨ ਪੁਲਿਸ, ਸਹਾਇਕ ਕਮਿਸ਼ਨਰ ਪੁਲਿਸ, ਟ੍ਰੈਫਿਕ-2, ਲੁਧਿਆਣਾ, ਨੂੰ 58 ਸਾਲ ਦੀ ਉਮਰ ਮੁਕੰਮਲ ਹੋਣ ਤੇ ਮਿਤੀ 31.03.2026 (ਬਾ.ਦੁ.) ਤੋਂ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

2. ਉਕਤ ਅਧਿਕਾਰੀ ਦੀ ਸੇਵਾ ਨਿਵਿਰਤੀ ਦੇ ਹੁਕਮ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤੇ ਜਾਂਦੇ ਹਨ:-

ੳ) ਜੇਕਰ ਉਕਤ ਅਧਿਕਾਰੀ ਵਿਰੁੱਧ ਕਿਸੇ ਕਿਸਮ ਦਾ ਕੋਈ ਵੀ ਬਕਾਇਆ/ਅਨੁਸ਼ਾਸ਼ਨੀ ਕਾਰਵਾਈ/ਇਨਕੁਆਰੀ ਨਿਯਮਾਂ ਅਧੀਨ ਚੱਲਦੀ ਹੋਵੇਗੀ ਜਾਂ ਕਿਸੇ ਵੀ ਅਦਾਲਤ ਵਿੱਚ ਕੋਈ ਕੇਸ ਲੰਬਿਤ ਹੋਵੇ ਤਾਂ ਰਿਟਾਇਰਮੈਂਟ ਦੇ ਹੁਕਮਾਂ ਤੇ ਇਸਦਾ ਕੋਈ ਅਸਰ ਨਹੀਂ ਪਵੇਗਾ।

ਅ) ਜੇਕਰ ਭਵਿੱਖ ਵਿੱਚ ਕਿਸੇ ਵੀ ਸਟੇਜ ਤੇ ਉਕਤ ਅਧਿਕਾਰੀ ਵਿਰੁੱਧ ਕੋਈ ਕ੍ਰਿਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸਰਵਿਸਜ ਰੂਲਜ ਭਾਗ-2 ਦੇ ਨਿਯਮ 2.2 ਅਨੁਸਾਰ ਕਾਰਵਾਈ ਦਾ ਹੱਕ ਸਰਕਾਰ ਪਾਸ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਉਕਤ ਅਧਿਕਾਰੀ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਹਨਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੁਟੀ/ਪੈਨਸ਼ਨ) ਵਿੱਚੋਂ ਕਰ ਲਈ ਜਾਵੇਗੀ।

ਆਲੋਕ ਸ਼ੇਖਰ, ਆਈ.ਏ.ਐਸ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ

ਮਿਤੀ 10 ਜੂਨ, 2026

3778/7-2026/Pb. Govt. Press, S.A.S. Nagar